## ਪੰਜਾਬ ਵਿਧਾਨ ਸਭਾ ਸਕੱਤਰੇਤ

### ਵੀਰਵਾਰ, ਮਿਤੀ 04 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

**ਅਨੁਸੂਚਿਤ ਜਾਤੀ ਸਬ ਪਲਾਨ ਐਕਟ ਲਾਗੂ ਕਰਨਾ**

*3173. **ਡਾਕਟਰ ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.**:- ਕੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕੋਲ ਫੰਡਾਂ ਦੀ ਵੰਡ ਤੋਂ ਬਚਣ ਲਈ ਅਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਨਿਰਧਾਰਤ ਕੀਤੇ ਗਏ ਫੰਡਾਂ ਨੂੰ ਇਸੇ ਮੰਤਵ ਲਈ ਖਰਚ ਕੀਤੇ ਜਾਣ ਨੂੰ ਸੁਨਿਸਚਤ ਕਰਨ ਲਈ ਅਨੁਸੂਚਿਤ ਜਾਤੀ ਸਬ-ਪਲਾਨ ਐਕਟ ਲਾਗੂ ਕਰਨ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਪਿੰਡ ਖੜਿਆਲ (ਸੰਗਰੂਰ) ਦੀ ਪੰਚਾਇਤੀ ਜ਼ਮੀਨ ਤੇ ਹੋਏ ਨਜਾਇਜ਼ ਕਬਜਿਆਂ ਦੀ ਜਾਂਚ**

*3083. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿੰਡ ਖੜਿਆਲ, ਜਿਲ੍ਹਾ ਸੰਗਰੂਰ ਦੀ ਪੰਚਾਇਤੀ ਜ਼ਮੀਨ ਤੇ ਲੋਕਾਂ ਵੱਲੋਂ ਨਜਾਇਜ਼ ਕਬਜੇ ਕੀਤੇ ਗਏ ਹਨ; ਜੇਕਰ ਅਜਿਹਾ ਹੈ ਤਾਂ ਕੀ ਇਸ ਮਾਮਲੇ ਦੀ ਜਾਂਚ ਕਰਵਾਈ ਗਈ ਹੈ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ਅ) ਕੀ ਇਹ ਵੀ ਠੀਕ ਹੈ ਕਿ ਸਾਲ 1984-85 ਦੀ ਜਮ੍ਹਾਂਬੰਦੀ ਤੋਂ ਲੈ ਕੇ ਸਾਲ 2014-15 ਦੀ ਜਮ੍ਹਾਂਬੰਦੀ ਤੱਕ ਪੰਚਾਇਤੀ ਜਮੀਨ ਦਾ ਰਕਬਾ ਮਾਲ ਵਿਭਾਗ ਦੇ ਰਿਕਾਰਡ ਵਿੱਚ 1527 ਕਨਾਲ 13 ਮਰਲੇ ਤੋਂ ਘੱਟ ਕੇ 1199 ਕਨਾਲ 4 ਮਰਲੇ ਰਹਿ ਗਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ;

ੲ) ਜੇਕਰ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਸਰਕਾਰ ਇਸ ਘਪਲੇ ਸਬੰਧੀ ਕੀ ਕਦਮ ਚੁੱਕ ਰਹੀ ਹੈ?

**ਨਗਰ ਪੰਚਾਇਤ ਘਨੌਰ ਵਿਖੇ ਸਟੇਡੀਅਮ ਦੀ ਉਸਾਰੀ**

*3157. **ਸ਼੍ਰੀ ਮਦਨ ਲਾਲ ਜਲਾਲਪੁਰ,ਐਮ.ਐਲ.ਏ.**:- ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਪੰਚਾਇਤ ਘਨੌਰ ਵਿਖੇ ਸਾਲ 2021-2022 ਵਿੱਚ ਸਟੇਡੀਅਮ ਦੀ ਉਸਾਰੀ ਲਈ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ, ਜੇ ਅਜਿਹਾ ਹੋਵੇ ਤਾਂ ਇਸ ਨੂੰ ਸਮਾਂ ਬੱਧ ਕਰਕੇ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਮਾਰਚ 2017 ਤੋਂ ਬਾਅਦ ਰੋਜ਼ਗਾਰ ਮੇਲਿਆਂ ਦੌਰਾਨ ਦਿੱਤੀਆਂ ਨੌਕਰੀਆਂ**

*3041. **ਸ਼੍ਰੀ ਐਨ.ਕੇ.ਸ਼ਰਮਾ, ਐਮ.ਐਲ.ਏ.**:- ਕੀ ਰੋਜਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਵੱਲੋਂ ਮਾਰਚ, 2017 ਤੋਂ ਬਾਅਦ ਰਾਜ ਵਿੱਚ ਲਗਾਏ ਗਏ ਵੱਖ-2 ਰੋਜ਼ਗਾਰ ਮੇਲਿਆਂ ਰਾਹੀਂ ਕਿੰਨੇ ਲੋੜਵੰਦ ਉਮੀਦਵਾਰਾਂ ਨੂੰ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਬਲਾਕ ਤਲਵਾੜਾ ਦੇ ਪਿੰਡਾਂ ਨੂੰ ਪਾਣੀ ਦੀ ਸਪਲਾਈ ਦੇਣਾ**

*3205. **ਸ਼੍ਰੀ ਅਰੁਣ ਡੋਗਰਾ, ਐਮ.ਐਲ.ਏ**:-ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਕੰਢੀ ਏਰੀਆ ਵਿੱਚ ਪੈਂਦੇ ਬਲਾਕ ਤਲਵਾੜਾ ਦੇ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਤਰਸਯੋਗ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਨ੍ਹਾਂ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਕੀ ਉਪਰਾਲੇ ਕਰ ਰਹੀ ਹੈ;

ਅ) ਰਾਜ ਦੇ ਕੰਢੀ ਏਰੀਏ ਵਿੱਚ ਪਾਣੀ ਦੀ ਨਿਰਵਿਘਨ ਸਪਲਾਈ ਦੇਣ ਲਈ ਕੋਈ ਮਾਸਟਰ ਪਲਾਨ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼ਹਿਰ ਜ਼ੀਰਾ ਦੇ ਸਿੰਜਾਈ ਵਿਭਾਗ ਦੇ ਰੈਸਟ ਹਾਊਸ ਨੂੰ ਨਵੇਂ ਸਿਰਿਉਂ ਬਣਾਉਣਾ**

*3197. **ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ**:-ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ੀਰਾ ਸ਼ਹਿਰ ਅੰਦਰ ਸਿੰਜਾਈ ਵਿਭਾਗ ਦੇ ਰੈਸਟ ਹਾਊਸ ਦੀ ਮਾੜੀ ਸਥਿਤੀ ਨੂੰ ਦੇਖਦੇ ਹੋਏ ਨਵਾਂ ਰੈਸਟ ਹਾਊਸ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਲੈਂਡ ਹੋਲਡਿੰਗਜ ਦਾ ਕੁਲੈਕਟਰ ਰੇਟ ਘਟਾਉਣਾ**

*3188. **ਰਾਣਾ ਗੁਰਜੀਤ ਸਿੰਘ, ਐਮ.ਐਲ.ਏ**:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਲੈਂਡ ਹੋਲਡਿੰਗਜ਼ ਦਾ ਕੁਲੈਕਟਰ ਰੇਟ ਹਾਲ ਹੀ ਵਿੱਚ ਸੋਧ ਕਰ ਕੇ ਘਟਾਇਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ;

ਅ) ਕੀ ਇਹ ਵੀ ਠੀਕ ਹੈ ਕਿ ਜਿਨ੍ਹਾਂ ਕਾਸ਼ਤਕਾਰਾਂ ਦੀਆਂ ਜ਼ਮੀਨਾਂ ਨਕੋਦਰ ਤੋਂ ਜਲੰਧਰ ਦੇ ਖੇਤਰ ਵਿੱਚ ਹਨ, ਉਨ੍ਹਾਂ ਦੀਆਂ ਜਮੀਨਾਂ ਨੂੰ ਭਾਰਤ ਦੇ ਨੈਸ਼ਨਲ ਹਾਈਵੇ ਅਥਾਰਟੀ ਦੁਆਰਾ ਪ੍ਰਸਤਾਵਿਤ ਦਿੱਲੀ-ਕਟੜਾ ਹਾਈਵੇ ਲਈ ਪ੍ਰਾਪਤ ਕੀਤਾ ਜਾ ਰਿਹਾ ਹੈ, ਉਨ੍ਹਾ ਦੁਆਰਾ ਉਕਤ ਕੁਲੈਕਟਰ ਦਰਾਂ ਦੇ ਘਟਾਏ ਜਾਣ ਕਰਕੇ ਅਤੇ ਉਨ੍ਹਾਂ ਦੇ ਹਿੱਤਾ ਦੇ ਨੁਕਸਾਨ ਹੋਣ ਕਰਕੇ ਅੰਦੋਲਨ ਕੀਤਾ ਜਾ ਰਿਹਾ ਹੈ;

ੲ) ਉਪਰੋਕਤ ਭਾਗ (ਅ) ਵਿੱਚ ਦਰਸਾਏ ਗਏ ਕਾਸ਼ਤਕਾਰਾਂ ਦੀਆਂ ਮੁਸ਼ਕਲਾਂ ਨੂੰ ਘਟਾਉਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ?

**ਜ਼ਿਲ੍ਹਾ ਫਰੀਦਕੋਟ ਦੇ ਕਰੋਨਾ ਪੀੜਤ ਵਿਅਕਤੀਆਂ ਤੇ ਆਏ ਖਰਚ ਦਾ ਵੇਰਵਾ**

*3018. **ਸਰਦਾਰ ਬਲਦੇਵ ਸਿੰਘ ਕਲਿਆਣ, ਐਮ.ਐਲ.ਏ.** :- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੋਵਿਡ-19 ਵਾਇਰਸ ਕਾਰਨ ਹੋਏ ਲਾਕਡਾਊਨ ਦੌਰਾਨ ਕੋਰੋਨਾ ਪੀੜਤ ਵਿਅਕਤੀਆਂ ਅਤੇ ਕੁਆਰੰਟੀਨ ਹੋਮਜ਼ ਵਿੱਚ ਰੱਖੇ ਗਏ ਵਿਅਕਤੀਆਂ ਨੂੰ ਕੀ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ;

ਅ) ਭਾਗ (ੳ) ਵਿੱਚ ਦਰਸਾਏ ਅਨੁਸਾਰ ਉਕਤ ਵਿਅਕਤੀਆਂ ਦੇ ਇਲਾਜ ਲਈ ਕੀ ਕੀ ਉਪਰਾਲੇ ਕੀਤੇ ਗਏ;

ੲ) ਜ਼ਿਲ੍ਹਾ ਫਰੀਦਕੋਟ ਵਿੱਚ ਕਿੰਨੇ ਵਿਅਕਤੀ ਕਰੋਨਾ ਪੀੜਤ ਪਾਏ ਗਏ ਅਤੇ ਉਨ੍ਹਾਂ ਤੇ ਕਿੰਨਾ ਖਰਚਾ ਆਇਆ?

**ਹਲਕਾ ਧੂਰੀ ਅਧੀਨ ਪੈਂਦੇ ਸਕੂਲਾਂ ਨੂੰ ਅੱਪਗ੍ਰੇਡ ਕਰਨਾ**

*3234. **ਸ਼੍ਰੀ ਦਲਵੀਰ ਸਿੰਘ ਗੋਲਡੀ, ਐਮ.ਐਲ.ਏ**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਲਕਾ ਧੂਰੀ ਅਧੀਨ ਪੈਂਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕਾਮਰਸ ਗਰੁੱਪ ਅਤੇ ਸਾਇੰਸ ਗਰੁੱਪ ਦੀਆਂ ਕਲਾਸਾਂ ਚਲਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ;

ਅ) ਕੀ ਹਲਕਾ ਧੂਰੀ ਅਧੀਨ ਪੈਂਦੇ ਸਕੂਲਾਂ ਨੂੰ ਅੱਪਗ੍ਰੇਡ ਕਰਨ ਦੀ ਵੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਅਜਿਹੇ ਸਕੂਲਾਂ ਦਾ ਵੇਰਵਾ ਕੀ ਹੈ?

**ਪਿੰਡ ਭਾਗੀਕੇ ਤੋਂ ਸੈਦੋਕੇ ਜਾਣ ਵਾਲੀ ਸੜਕ ਦੀ ਰੀਕਾਰਪੇਟਿੰਗ ਕਰਨਾ**

*3020. **ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.** :- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਭਾਗੀਕੇ ਤੋਂ ਸੈਦੋਕੇ ਜਾਣ ਵਾਲੀ ਸੜਕ ਅਤੇ ਪਿੰਡ ਬੀੜ ਰਾਊਕੇ ਤੋਂ ਬੀੜ ਬੱਧਨੀ ਨੂੰ ਜਾਂਦੀ ਸੜਕ ਜੋ ਕਿ ਨੈਸ਼ਨਲ ਹਾਈਵੇ 703 ਨੂੰ ਨਿਹਾਲ ਸਿੰਘ ਵਾਲਾ ਨਾਲ ਜੋੜਦੀ ਹੈ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਨੂੰ ਕਦੋਂ ਤੱਕ ਨਵੀਂ ਬਣਾਉਣ ਜਾਂ ਰੀਕਾਰਪੇਟਿੰਗ ਕਰਵਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

ਪਰਤੋ ਜੀ.....

**ਵਾਟਰ ਸਪਲਾਈ ਅਤੇ ਸੀਵਰੇਜ਼ ਦਾ ਪ੍ਰਾਜੈਕਟ ਮੁਕੰਮਲ ਕਰਨਾ**

*3185. **ਸਰਦਾਰ ਰਮਿੰਦਰ ਸਿੰਘ ਆਵਲਾ, ਐਮ.ਐਲ.ਏ:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ਵਾਟਰ ਸਪਲਾਈ ਅਤੇ ਸੀਵਰੇਜ਼ ਦਾ ਪ੍ਰਾਜੈਕਟ

ੳ) ਕੀ ਇਹ ਠੀਕ ਹੈ ਕਿ ਅਰਨੀਵਾਲਾ ਸ਼ੇਖ ਸੁਭਾਨ, ਨਗਰ ਪੰਚਾਇਤ, ਜ਼ਿਲ੍ਹਾ ਫਾਜ਼ਿਲਕਾ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ਼ ਦਾ ਪ੍ਰਾਜੈਕਟ ਪੰਜਾਬ ਅਰਬਨ ਮਿਸ਼ਨ ਸਕੀਮ ਅਧੀਨ ਮਿਤੀ 15.11.2016 ਨੂੰ ਮੈਸ: ਸ਼ਾਹਪੁਰਜੀ ਪਲੂਨਜੀ ਕੰਪਨੀ, ਪ੍ਰਾਈਵੇਟ ਲਿਮਿਟਡ, ਮੁੰਬਈ ਨੂੰ ਰੁਪਏ 35.01 ਕਰੋੜ ਦੀ ਲਾਗਤ ਨਾਲ ਅਲਾਟ ਕੀਤਾ ਗਿਆ ਸੀ;

ਅ) ਕੀ ਇਹ ਵੀ ਠੀਕ ਹੈ ਕਿ ਇਹ ਪ੍ਰਾਜੈਕਟ ਤਰਕੀਬਨ ਦੋ ਸਾਲਾਂ ਤੋਂ ਬੰਦ ਪਿਆ ਹੈ ਜੇਕਰ ਅਜਿਹਾ ਹੋਵੇ ਤਾਂ ਇਸ ਦੇ ਮੁਕੰਮਲ ਨਾ ਹੋਣ ਦੇ ਕੀ ਕਾਰਨ ਹਨ;

ੲ) ਇਸ ਕੰਮ ਤਹਿਤ ਲੋੜੀਂਦੇ ਫੰਡ ਕਦੋਂ ਤੱਕ ਮੁਹੱਈਆ ਕਰਵਾ ਕੇ ਅਰਨੀਵਾਲਾ, ਸ਼ੇਖ ਸੁਭਾਨ ਦੇ ਵਸਨੀਕਾਂ ਨੂੰ 100 ਪ੍ਰਤੀਸ਼ਤ ਪਾਣੀ ਅਤੇ ਸੀਵਰੇਜ਼ ਦੀ ਸੁਵਿਧਾ ਉਪਲਬਧ ਕਰਵਾ ਦਿੱਤੀ ਜਾਵੇਗੀ?

**ਬਲਾਚੌਰ ਵਿਖੇ ਜੰਗਲੀ ਜਾਨਵਰਾਂ ਤੋਂ ਬਚਾਅ ਲਈ ਕੰਡਿਆਲੀ ਤਾਰ ਲਗਾਉਣ ਲਈ ਸਬਸਿਡੀ ਸਕੀਮ**

*3202. **ਸ਼੍ਰੀ ਦਰਸ਼ਨ ਲਾਲ , ਐਮ.ਐਲ.ਏ:-**ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਲਕਾ ਬਲਾਚੌਰ ਵਿੱਚ ਜੰਗਲੀ ਜਾਨਵਰਾਂ ਤੋਂ ਬਚਾਅ ਲਈ ਸਰਕਾਰ ਵੱਲੋਂ ਜਾਲ/ਕੰਡਿਆਲੀ ਤਾਰ ਲਗਾਉਣ ਲਈ ਕਿਸਾਨਾਂ ਨੂੰ ਸਬਸਿਡੀ ਸਕੀਮ ਦਿੱਤੀ ਗਈ ਸੀ;

ਅ) ਇਸ ਸਕੀਮ ਦੇ ਅੰਦਰ ਸਾਲ 2017 ਤੋਂ 2020 ਤੱਕ ਸਾਲਵਾਰ ਕਿੰਨੇ ਕਿਸਾਨਾਂ ਵੱਲੋਂ ਅਪਲਾਈ ਕੀਤਾ ਗਿਆ ਸੀ ਅਤੇ ਕਿੰਨੇ ਕਿਸਾਨਾਂ ਨੂੰ ਇਸ ਦਾ ਲਾਭ ਮਿਲ ਚੁੱਕਾ ਹੈ, ਬਾਕੀ ਰਹਿੰਦੇ ਕਿਸਾਨਾਂ ਨੂੰ ਇਸ ਦਾ ਲਾਭ ਕਦੋਂ ਤੱਕ ਮਿਲ ਜਾਵੇਗਾ?

**ਸ਼ਹੀਦ ਲੈਸ-ਨਾਇਕ ਸਲੀਮ ਖਾਂ ਦੇ ਨਾਮ ਤੇ ਖੇਡ ਸਟੇਡੀਅਮ ਬਣਾਉਣਾ**

*2961. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:-** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਟਿਆਲਾ ਦੇ ਬਲਾਕ ਸਨੌਰ ਵਿੱਚ ਪੈਂਦੇ ਪਿੰਡ ਮਰਦਾਹੇੜੀ ਦਾ ਇੱਕ ਲੈਸ-ਨਾਇਕ ਸਲੀਮ ਖਾਂ ਜੋ ਇੰਡੋ-ਚਾਈਨਾ ਬਾਰਡਰ ਤੇ ਦੇਸ਼ ਲਈ ਸ਼ਹੀਦ ਹੋਇਆ ਸੀ ਦੇ ਪਿੰਡ ਵਿੱਚ ਖੇਲੋ ਇੰਡੀਆ ਸਕੀਮ ਤਹਿਤ ਸ਼ਹੀਦ ਦੇ ਨਾਂ ਤੇ ਇੱਕ ਖੇਡ ਸਟੇਡੀਅਮ ਉਸਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਰਾਜ ਸਰਕਾਰ ਨੂੰ ਕੇਂਦਰ ਸਰਕਾਰ ਜਾਂ W.H.O ਤੋਂ ਕਰੋਨਾ ਫੰਡ ਲਈ ਆਈ ਰਕਮ ਦੇ ਵੇਰਵੇ**

*2943. **1.ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.)**
**2. ਸਰਦਾਰ ਬਲਦੇਵ ਸਿੰਘ ਕਲਿਆਣ, ਐਮ.ਐਲ.ਏ.) :-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਨੂੰ ਕੇਂਦਰ ਸਰਕਾਰ, ਵਰਲਡ ਹੈਲਥ ਆਰਗੇਨਾਈਜੇਸ਼ਨ (ਡਬਲਯੂ.ਐਚ.ਓ) ਜਾਂ ਹੋਰ ਕੋਈ ਵਿਦੇਸ਼ੀ ਵਿੱਤੀ ਮਦਦ ਕਰੋਨਾ ਫੰਡ ਲਈ ਆਉਂਦੀ ਹੈ ਜਾਂ ਆਈ ਹੈ; ਜੇਕਰ ਕੋਈ ਮਦਦ ਆਉਂਦੀ ਹੈ ਤਾਂ ਮਿਤੀ 31 ਜੁਲਾਈ 2020 ਤੱਕ ਪੰਜਾਬ ਸਰਕਾਰ ਨੂੰ ਕਿੰਨੀ-2 ਵਿੱਤੀ ਮਦਦ ਕਿੱਥੋਂ-2 ਮਿਲੀ ਹੈ ਅਤੇ ਇਸ ਵਿੱਤੀ ਮਦਦ ਵਿੱਚੋਂ ਰਾਜ ਸਰਕਾਰ ਵਲੋਂ ਕਿੰਨੀ ਰਕਮ ਦੀ ਵਰਤੋਂ ਕਦੋਂ-2 ਤੇ ਕਿਹੜੇ-2 ਕੰਮਾਂ ਲਈ ਖ਼ਰਚ ਕੀਤੀ ਗਈ ਅਤੇ ਇਸ ਵਿੱਚੋਂ ਕਿੰਨਾਂ ਫੰਡ ਅਜੇ ਅਣਵਰਤਿਆ ਪਿਆ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਬਿੰਦਰਖ ਦੇ ਰਸਤੇ ਵਿਚ ਪੈਂਦੇ ਪੁੱਲ ਦਾ ਨਿਰਮਾਣ ਕਰਨਾ**

*3086. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ:-**ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਵੱਲੋਂ ਬਿੰਦਰਖ ਦੇ ਰਸਤੇ ਵਿੱਚ ਪੈਂਦੇ ਪੁੱਲ ਦਾ ਉਦਘਾਟਨ ਕੀਤਾ ਗਿਆ ਸੀ, ਪ੍ਰੰਤੂ ਹੁਣ ਤੱਕ ਇਸ ਪੁੱਲ ਦਾ ਨਿਰਮਾਣ ਨਹੀਂ ਕੀਤਾ ਗਿਆ, ਜਿਸ ਕਾਰਨ ਜਨਤਾ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਇਸ ਪੁਲ ਦਾ ਨਿਰਮਾਣ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਹਲਕਾ ਸਨੌਰ (ਪਟਿਆਲਾ) ਦੇ ਖੇਤਾਂ ਲਈ ਸਿੰਚਾਈ ਕਰਨ ਲਈ ਬਣੇ ਰਜਵਾਹਿਆਂ ਨੂੰ ਪੱਕਾ ਕਰਨਾ**

*2951. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸਨੌਰ(ਪਟਿਆਲਾ) ਵਿੱਚ ਖੇਤਾਂ ਦੀ ਸਿੰਜਾਈ ਕਰਨ ਲਈ ਬਣੇ ਰਜਵਾਹਿਆਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਹੈ ਤਾਂ ਕਦੋਂ ਤੱਕ?

**ਜ਼ੀਰਾ ਸ਼ਹਿਰ ਅੰਦਰ ਅੰਬੇਦਕਰ ਭਵਨ ਬਣਾਉਣਾ**

*3198. **ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ:-** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ੀਰਾ ਸ਼ਹਿਰ ਅੰਦਰ ਅੰਬੇਦਕਰ ਭਵਨ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਪਸ਼ੂਆਂ ਦੇ ਬਾਇਓ ਟੈਗਿੰਗ ਲਈ ਪ੍ਰਚੱਲਿਤ ਨੀਤੀ**

*3149. **ਸ਼੍ਰੀ ਅਵਤਾਰ ਸਿੰਘ ਜੂਨੀਅਰ,ਐਮ.ਐਲ.ਏ.:-** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਕੋਲ ਪਸ਼ੂਆਂ ਵਿਸ਼ੇਸ ਕਰਕੇ ਗਾਵਾਂ, ਮੱਝਾਂ, ਬਲਦਾਂ ਆਦਿ ਦੇ ਬਾਇਓ ਟੈਗਿੰਗ ਲਈ ਕੋਈ ਪ੍ਰਚੱਲਿਤ ਨੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾਂਹ ਵਿੱਚ ਹੋਵੇ ਤਾਂ ਕੀ ਸਰਕਾਰ ਇਸ ਤਰ੍ਹਾਂ ਦੀ ਨੀਤੀ ਨੂੰ ਲੋਕ ਹਿੱਤ ਲਈ ਵਿਚਾਰੇਗੀ ਅਤੇ ਇਸ ਸਬੰਧ ਵਿੱਚ ਸਰਕਾਰ ਦੀ ਕੀ ਤਜਵੀਜ਼ ਹੈ?

**ਦਸੂਹਾ ਸਬ-ਡਵੀਜ਼ਨ ਨੂੰ ਜ਼ਿਲ੍ਹਾ ਬਣਾਉਣਾ**

*3183. **1. ਸ਼੍ਰੀਮਤੀ ਇੰਦੂ ਬਾਲਾ, ਐਮ.ਐਲ.ਏ.)**
**2. ਸ਼੍ਰੀ ਅਰੁਣ ਡੋਗਰਾ, ਐਮ.ਐਲ.ਏ.) :-**ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਸੂਹਾ ਸਬ-ਡਵੀਜ਼ਨ ਨੂੰ ਜ਼ਿਲ੍ਹਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਹਲਕਾ ਸ਼ੁਤਰਾਣਾ ਵਿੱਚ ਨਵਾਂ ਬਲਾਕ ਪਿੰਡ ਕਕਰਾਲਾ ਵਿਖੇ ਬਣਾਉਣਾ**

*3120. **ਸਰਦਾਰ ਨਿਰਮਲ ਸਿੰਘ, ਐਮ.ਐਲ.ਏ:-**ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸ਼ੁਤਰਾਣਾ ਵਿੱਚ ਨਵਾਂ ਬਲਾਕ ਪਿੰਡ ਕਕਰਾਲਾ ਵਿਖੇ ਬਣਾਉਣ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਨੂੰ ਇਸ ਵਿੱਤੀ ਸਾਲ ਵਿੱਚ ਬਣਾ ਦਿੱਤਾ ਜਾਵੇਗਾ?

ਚੰਡੀਗੜ੍ਹ
ਮਿਤੀ 03 ਮਾਰਚ, 2021

3/3/21
ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**